Punjab Government Gazette

Published by Authority

No. 18] CHANDIGARH, FRIDAY, MAY 1, 2026 (VAISAKHA 11, 1948 SAKA)

PART I

Punjab Government Notifications and Orders

ਦਫ਼ਤਰ:ਡਿਪਟੀ ਇੰਸਪੈਕਟਰ ਜਨਰਲ ਜੇਲ੍ਹਾਂ-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ ਪਟਿਆਲਾ।

PhNo: 0175-2923807

Email :dig.prisons.ptl.pb@gov.in

ਹੁਕਮ

ਮਿਤੀ 25 ਜੁਲਾਈ 2024

ਨੰ. 208.-ਆਪ ਸ਼੍ਰੀ ਹਰਜੀਤ ਸਿੰਘ,ਵਾਰਡਰ ਪੇਟੀ ਨੰ:2644,ਕੇਂਦਰੀ ਜੇਲ੍ਹ ਫਰੀਦਕੋਟ ਹਾਲ ਕੇਂਦਰੀ ਜੇਲ੍ਹ ਪਟਿਆਲਾ ਦੀ ਕੇਂਦਰੀ ਜੇਲ੍ਹ ਫਰੀਦਕੋਟ ਵਿਖੇ ਮਿਤੀ 16/17-07-2019 ਦੀ ਰਾਤ ਨੂੰ ਸਮਾਂ 02:00 ਵਜੇ ਤੋਂ ਸਵੇਰੇ 06:00 ਵਜੇ ਤੱਕ ਕੋਟ ਮੋਕੇ ਤੇ ਡਿਊਟੀ ਲਗਾਈ ਗਈ ਸੀ।ਆਪਦੇ ਡਿਊਟੀ ਤੇ ਜਾਣ ਸਮੇਂ ਜੇਲ੍ਹ ਦੀ ਡਿਊੜੀ ਵਿੱਚ ਆਪਦੀ ਕੀਤੀ ਤਲਾਸ਼ੀ ਦੌਰਾਨ ਆਪਦੇ ਪਹਿਨੀ ਹੋਈ ਬੈਲਟ ਦੇ ਪਿਛਲੇ ਪਾਸੇ ਛੁਪਾਇਆ ਹੋਇਆ ਕਾਲੇ ਰੰਗ ਦਾ ਸੈਮਸੰਗ ਕੰਪਨੀ ਦਾ ਮੋਬਾਇਲ ਫੋਨ ਬਿਨਾਂ ਸਿੱਮ ਸਮੇਤ ਬੈਟਰੀ ਬਰਾਮਦ ਕੀਤਾ ਗਿਆ।ਉਕਤ ਦੋਸ਼ ਵਿੱਚ ਆਪ ਨੂੰ ਸੁਪਰਡੈਂਟ, ਕੇਂਦਰੀ ਜੇਲ੍ਹ ਫਰੀਦਕੋਟ ਵੱਲੋਂ ਮਿਤੀ 17-07-2019 ਨੂੰ ਸਵੇਰ ਤੋਂ ਡਿਊਟੀ ਤੋਂ ਮੁਅੱਤਲ ਕੀਤਾ ਗਿਆ ਅਤੇ ਉਕਤ ਦੋਸ਼ਾਂ ਤਹਿਤ ਆਪਦੇ ਖਿਲਾਫ਼ ਕਾਨੂੰਨੀ ਕਾਰਵਾਈ ਕਰਦੇ ਹੋਏ ਮੁਕੱਦਮਾ ਨੰ:164 ਮਿਤੀ 17-07-2019 ਅਧੀਨ ਧਾਰਾ 52-ਏ ਅਤੇ 42 ਪ੍ਰਿਜ਼ਨ ਐਕਟ 1894, ਥਾਣਾ ਸਿਟੀ ਫਰੀਦਕੋਟ ਦਰਜ਼ ਕਰਵਾਇਆ ਗਿਆ।

ਸੁਪਰਡੈਂਟ,ਕੇਂਦਰੀ ਜੇਲ੍ਹ ਪਟਿਆਲਾ ਵੱਲੋਂ ਪੱਤਰ ਨੰ:4908 ਈ.ਸੀ.-2 ਮਿਤੀ 24-04-2024 ਰਾਹੀਂ ਇਸ ਦਫ਼ਤਰ ਨੂੰ ਆਪ ਸ਼੍ਰੀ ਹਰਜੀਤ ਸਿੰਘ,ਵਾਰਡਰ ਪੇਟੀ ਨੰ:2644,ਕੇਂਦਰੀ ਜੇਲ੍ਹ ਫਰੀਦਕੋਟ ਹਾਲ ਕੇਂਦਰੀ ਜੇਲ੍ਹ ਪਟਿਆਲਾ ਵਿਰੁੱਧ ਮੁਕੱਦਮਾ ਨੰ:164 ਮਿਤੀ 17-07-2019 ਅਧੀਨ ਧਾਰਾ 52-ਏ ਅਤੇ 42 ਪ੍ਰਿਜ਼ਨ ਐਕਟ 1894, ਥਾਣਾ ਸਿਟੀ ਫਰੀਦਕੋਟ ਵਿੱਚ ਮਾਨਯੋਗ ਅਦਾਲਤ ਸ਼੍ਰੀ ਲਵਦੀਪ ਹੁੰਦਲ,ਚੀਫ਼ ਜੂਡੀਸੀਅਲ ਮੈਜਿਸਟ੍ਰੇਟ ਫਰੀਦਕੋਟ (UID NO.PB0309) ਵੱਲੋਂ ਮਿਤੀ 13-03-2024 ਨੂੰ ਕੀਤੇ ਗਏ ਫੈਸਲੇ ਦੀ ਜਜਮੈਂਟ ਦੀ ਕਾਪੀ ਸਮੇਤ ਆਪ ਵੱਲੋਂ ਡਿਊਟੀ ਤੇ ਹਾਜ਼ਰ ਕਰਨ ਲਈ ਪੇਸ਼ ਕੀਤੀ ਗਈ ਪ੍ਰਤੀ ਬੇਨਤੀ ਇਸ ਦਫ਼ਤਰ ਨੂੰ ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜੀ ਗਈ।ਪ੍ਰਾਪਤ ਰਿਕਾਰਡ ਅਨੁਸਾਰ ਮਾਨਯੋਗ ਅਦਾਲਤ ਵੱਲੋਂ ਉਕਤ ਕੇਸ ਦਾ ਫੈਸਲਾ ਕਰਦੇ ਹੋਏ ਆਪ ਸ਼੍ਰੀ ਹਰਜੀਤ ਸਿੰਘ ਵਾਰਡਰ ਪੇਟੀ ਨੰ:2644 ਨੂੰ ਦੋਸ਼ੀ ਕਰਾਰ ਦਿੰਦੇ ਹੋਏ ਅਧੀਨ ਧਾਰਾ52-ਏ ਪ੍ਰਿਜ਼ਨ ਐਕਟ ਵਿੱਚ 01 ਸਾਲ ਕੈਦ ਦੀ ਸਜ਼ਾਂ ਅਤੇ 20,000/-ਰੁਪਏ ਜੁਰਮਾਨਾ ਅਤੇ ਜੁਰਮਾਨਾ ਨਾ ਦੇਣ ਦੀ ਸੂਰਤ ਵਿੱਚ 1 ਮਹੀਨੇ ਦੀ ਹੋਰ ਕੈਦ ਸਜ਼ਾਂ ਦੇ ਹੁਕਮ ਪਾਸ ਕੀਤੇ ਗਏ ਸਨ।

ਆਪ ਸ਼੍ਰੀ ਹਰਜੀਤ ਸਿੰਘ ਵਾਰਡਰ ਪੇਟੀ ਨੰ:2644 ਵੱਲੋਂ ਮਾਨਯੋਗ ਅਦਾਲਤ ਦੇ ਉਕਤ ਫੈਸਲੇ ਵਿਰੁੱਧ ਮਾਨਯੋਗ ਅਦਾਲਤ ਅਡੀਸ਼ਨਲ ਸੈਸ਼ਨ ਜੱਜ ਫਰੀਦਕੋਟ ਵਿਖੇ ਅਪੀਲ ਦਾਇਰ ਕੀਤੀ ਗਈ। ਮਾਨਯੋਗ ਅਦਾਲਤ ਡਾ.ਰਾਮ ਕੁਮਾਰ ਸਿੰਗਲਾ,ਐਡੀਸ਼ਨਲ ਸੈਸ਼ਨ ਫਰੀਦਕੋਟ (UID NO.PB0122) ਵੱਲੋਂ ਆਪ ਦੀ ਸਜ਼ਾਂ ਨੂੰ ਸਸਪੈਂਡ ਕਰਦੇ ਹੋਏ ਜਮਾਨਤ ਤੇ ਰਿਹਾਅ ਕੀਤਾ ਗਿਆ ਹੈ।

ਆਪ ਸ਼੍ਰੀ ਹਰਜੀਤ ਸਿੰਘ ਵਾਰਡਰ ਪੇਟੀ ਨੰ:2644,ਕੇਂਦਰੀ ਜੇਲ੍ਹ ਫਰੀਦਕੋਟ ਹਾਲ ਕੇਂਦਰੀ ਜੇਲ੍ਹ ਪਟਿਆਲਾ ਵਿਰੁੱਧ ਮੁਕੱਦਮਾ ਨੰ:164 ਮਿਤੀ 17-07-2019 ਅਧੀਨ ਧਾਰਾ 52-ਏ ਅਤੇ 42 ਪ੍ਰਿਜ਼ਨ ਐਕਟ 1894, ਥਾਣਾ ਸਿਟੀ ਫਰੀਦਕੋਟ ਵਿੱਚ ਅਧੀਨ ਧਾਰਾ 52-ਏ ਪ੍ਰਿਜ਼ਨ ਐਕਟ ਵਿੱਚ 01 ਸਾਲ ਕੈਦ ਦੀ ਸਜ਼ਾਂ ਅਤੇ 20,000/-ਰੁਪਏ ਜੁਰਮਾਨਾ ਅਤੇ ਜੁਰਮਾਨਾ ਨਾ ਦੇਣ ਦੀ ਸੂਰਤ ਵਿੱਚ 1 ਮਹੀਨੇ ਦੀ ਹੋਰ ਕੈਦ ਦੀ ਸਜ਼ਾਂ ਦੇ ਹੁਕਮ ਪਾਸ ਕੀਤੇ ਗਏ ਸਨ। ਉੱਚ ਅਦਾਲਤ ਵੱਲੋਂ ਇਹ ਸਜ਼ਾਂ ਸਸਪੈਂਡ ਕਰਨ ਕਾਰਨ ਇਸ ਦਫ਼ਤਰ ਦੇ ਪੱਤਰ ਨੰ:1620 ਮਿਤੀ 07-05-2024 ਰਾਹੀਂ ਅਗਲੇਰੀ ਕਾਰਵਾਈ ਕਰਨ ਸਬੰਧੀ ਮੁੱਖ ਦਫ਼ਤਰ ਪਾਸੋਂ ਲੀਗਲ ਰਾਏ ਲੈਣ ਸਬੰਧੀ ਲਿਖਿਆ ਗਿਆ ਸੀ।

ਮਾਨਯੋਗ ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ (ਜੇਲ੍ਹਾਂ) ਪੰਜਾਬ,ਚੰਡੀਗੜ੍ਹ ਦੇ ਦਫ਼ਤਰ ਦੇ ਪੱਤਰ ਨੰ:ਜੀ.ਆਈ/ਅਮਲਾ-2/ਅ-4/ਐਸ-36-37-20-ਐਚ/2790 ਮਿਤੀ 30-05-2024 ਰਾਹੀਂ ਕਰਮਚਾਰੀ ਵਿਰੁੱਧ ਪੰਜਾਬ ਸਰਕਾਰ ਦੇ ਸਰਕੂਲਰ ਪੱਤਰ ਨੰ:3/23/98-1PPII/10394 ਮਿਤੀ 05-08-1998. Action to be taken in cases where Government employees are convicted on a criminal charge-Civil Appeal No.2992/1995-Supreme Court of India-Deputy Director of Collegiate Education (Administration) Madras Appellant Vs.S.Nagoor Meera, Respondent ਅਧੀਨ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਅਗਲੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਰਾਇ ਦਿੱਤੀ ਗਈ।

ਭਾਰਤ ਦੇ ਸੰਵਿਧਾਨ ਦੀ ਧਾਰਾ 311(2)(ਏ) ਅਤੇ ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਅਤੇ ਅਪੀਲ) ਰੂਲਜ਼ 1970 ਅਨੁਸਾਰ ਸਰਵ ਉੱਚ ਅਦਾਲਤ ਡਿਪਟੀ ਡਾਇਰੈਕਟਰ ਕਾਲਜੀਏਟ ਐਜੂਕੇਸ਼ਨ (ਪ੍ਰਸ਼ਾਸ਼ਨ) ਮਦਰਾਸ ਬਨਾਮ ਐਸ.ਨੰਗੂਰ ਮੀਰਾ ਦੇ ਕੇਸ ਵਿੱਚ ਪਾਸ ਕੀਤੇ ਹੁਕਮਾਂ ਸਬੰਧੀ ਪੰਜਾਬ ਸਰਕਾਰ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗੀ ਵੱਲੋਂ ਜਾਰੀ ਪੱਤਰ ਨੰ:3/23/98-1PPII/10394 ਮਿਤੀ 05-08-1998 ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਜੇਕਰ ਕਿਸੇ ਕਰਮਚਾਰੀ ਨੂੰ ਫੌਜਦਾਰੀ ਕੇਸ ਵਿੱਚ ਸਜ਼ਾਂ ਹੋ ਜਾਂਦੀ ਹੈ ਅਤੇ ਉੱਚ ਅਦਾਲਤ ਵੱਲੋਂ ਉਸਦੀ ਸਜ਼ਾਂ ਤੇ ਰੋਕ ਲਗਾ ਦਿੱਤੀ ਜਾਂਦੀ ਹੈ, ਤਾਂ ਵੀ ਕਰਮਚਾਰੀ ਦੀਆਂ ਸੇਵਾਵਾਂ ਖ਼ਤਮ ਕਰਨੀਆਂ ਬਣਦੀਆਂ ਹਨ।

ਉਪਰੋਕਤ ਹੁਕਮਾਂ ਅਨੁਸਾਰ ਆਪ ਸ਼੍ਰੀ ਹਰਜੀਤ ਸਿੰਘ,ਵਾਰਡਰ ਪੇਟੀ ਨੰ:2644 ਨੂੰ ਮਾਨਯੋਗ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੰਦੇ ਹੋਏ ਸਜ਼ਾ ਸੁਣਾਈ ਗਈ ਹੈ। ਇਸ ਤਰ੍ਹਾਂ ਪ੍ਰਸੋਨਲ ਵਿਭਾਗ ਵੱਲੋਂ ਮਿਤੀ 05-08-1998 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ, ਇਸ ਕੇਸ ਵਿੱਚ ਸਜ਼ਾਂ ਯਾਫਤਾ ਕਰਮਚਾਰੀ ਦੀਆਂ ਸੇਵਾਵਾਂ ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਅਤੇ ਅਪੀਲ) ਰੂਲਜ਼ 1970 ਦੇ ਰੂਲ 13 (i) ਅਨੁਸਾਰ ਬਰਖਾਸ਼ਤ ਕਰਨ ਦਾ ਉਪਬੰਧ ਹੈ।

ਉਪਰੋਕਤ ਹਾਲਾਤਾਂ ਦੇ ਮੱਦੇਨਜ਼ਰ ਅਤੇ ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ (ਜੇਲ੍ਹਾਂ) ਪੰਜਾਬ ਚੰਡੀਗੜ੍ਹ ਦੇ ਦਫ਼ਤਰ ਦੇ ਪੱਤਰ ਨੰ:ਜੀ.ਆਈ/ਅਮਲਾ-2/ਅ-4/ਐਸ-36-37-20-ਐਚ/2790 ਮਿਤੀ 30-05-2024 ਰਾਹੀਂ ਪ੍ਰਾਪਤ ਹੋਈ ਲੀਗਲ ਰਾਇ ਅਤੇ ਆਦੇਸ਼ਾਂ ਨੂੰ ਮੁੱਖ ਰੱਖਦੇ ਹੋਏ ਮੈਂ ਸੁਰਿੰਦਰ ਸਿੰਘ, ਡਿਪਟੀ ਇੰਸਪੈਕਟਰ ਜਨਰਲ ਜੇਲ੍ਹਾਂ-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ ਪਟਿਆਲਾ, ਪੰਜਾਬ ਸਟੇਟ ਜੇਲ੍ਹ ਵਿਭਾਗ (ਕਲਾਸ-3 ਐਗਜੈਕਟਿਵ) ਰੂਲਜ਼ 1963 ਦੇ ਰੂਲ 15 (1) ਦੇ ਅਪੈਂਡਕਸ ਬੀ ਦੇ ਸੀਰੀਅਲ ਨੰਬਰ 4 (ਬੀ) ਦੇ (ਜੀ) ਤੋਂ (ਜੇ) ਅਨੁਸਾਰ ਵਾਰਡਰ/ਮੇਟਰਨ ਨੂੰ ਸਜ਼ਾਂ ਦੇਣ ਦਾ ਸਮਰੱਥ ਅਥਾਰਟੀ ਹੁੰਦੇ ਹੋਏ,ਆਪ ਸ਼੍ਰੀ ਹਰਜੀਤ ਸਿੰਘ, ਵਾਰਡਰ ਪੇਟੀ ਨੰ:2644,ਕੇਂਦਰੀ ਜੇਲ੍ਹ ਪਟਿਆਲਾ ਨੂੰ ਮਾਨਯੋਗ ਅਦਾਲਤ ਸ਼੍ਰੀ ਲਵਦੀਪ ਹੁੰਦਲ, ਚੀਫ਼ ਜੂਡੀਸੀਅਲ ਮੈਜਿਸਟ੍ਰੇਟ ਫਰੀਦਕੋਟ (UID No.PB0309) ਵੱਲੋਂ ਮਿਤੀ 13-03-2024 ਨੂੰ ਪਾਸ ਕੀਤੇ ਉਕਤ ਸਜ਼ਾਂ ਦੇ ਹੁਕਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਪੰਜਾਬ ਸਰਕਾਰ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗੀ ਵੱਲੋਂ ਜਾਰੀ ਪੱਤਰ ਨੰ:3/23/98-1PPII/10394 ਮਿਤੀ 05-08-1998 ਰਾਹੀਂ ਜਾਰੀ ਹਦਾਇਤਾਂ ਅਨੁਸਾਰ, ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਅਤੇ ਅਪੀਲ) ਰੂਲਜ਼ 1970 ਦੇ ਰੂਲ 13 (i) ਅਤੇ ਭਾਰਤ ਦੇ ਸੰਵਿਧਾਨ ਦੀ ਧਾਰਾ 311 (2) (ਏ) ਅਨੁਸਾਰ ਆਪ ਸ਼੍ਰੀ ਹਰਜੀਤ ਸਿੰਘ ਵਾਰਡਰ ਪੇਟੀ ਨੰ:2644 ਦੀਆਂ ਸੇਵਾਵਾਂ ਤੁਰੰਤ ਤੋਂ ਖ਼ਤਮ (ਬਰਖਾਸ਼ਤ) ਕੀਤੀਆਂ ਜਾਂਦੀਆਂ ਹਨ। ਇਸ ਬਰਖਾਸਤਗੀ ਕਾਰਨ ਆਪ ਕਿਸੇ ਹੋਰ ਮਹਿਕਮੇ ਵਿੱਚ ਨੌਕਰੀ ਕਰਨ ਦੇ ਯੋਗ ਨਹੀਂ ਹੋਵੇਗੇ।

ਬਰਖਾਸਤ ਹੋਏ ਕਰਮਚਾਰੀ ਦੇ ਪਾਰਟੀਕੂਲਰ:-

1.	ਨਾਮ	ਸ਼੍ਰੀ ਹਰਜੀਤ ਸਿੰਘ, ਵਾਰਡਰ ਪੇਟੀ ਨੰ:2644
2.	ਪਿਤਾ ਦਾ ਨਾਮ	ਸ਼੍ਰੀ ਹਰਬੰਸ ਸਿੰਘ
3.	ਘਰੇਲੂ ਪਤਾ	ਪਿੰਡ ਅਤੇ ਡਾਕਖਾਨਾ ਪਾਖੀਕਲਾਂ ਤਹਿਸੀਲ ਅਤੇ ਜਿਲ੍ਹਾ ਫਰੀਦਕੋਟ।
4.	ਜਨਮ ਮਿਤੀ	05-02-1988
5.	ਭਰਤੀ ਦੀ ਮਿਤੀ	12-12-2017
6.	ਰਿਟਾਇਰਮੈਂਟ ਦੀ ਮਿਤੀ	29-02-2046
7.	ਜਾਤ/ਕੈਟਾਗਿਰੀ	ਬੀ.ਸੀ.

ਸਹੀ/-

(ਸੁਰਿੰਦਰ ਸਿੰਘ)

ਡਿਪਟੀ ਇੰਸਪੈਕਟਰ ਜਨਰਲ ਜੇਲ੍ਹਾਂ-ਕਮ-

ਸੁਪਰਡੈਂਟ, ਹੈਡਕੁਆਟਰ ਜੇਲ੍ਹ ਪਟਿਆਲਾ।

3703/4-2026/Pb. Govt. Press, S.A.S. Nagar